# ਦਫ਼ਤਰ ਡਾਇਰੈਕਟਰ, ਯੋਜਨਾ ਤੇ ਨਿਰੀਖਣ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਯੋਜਨਾ ਤੇ ਨਿਰੀਖਣ ਬੋਰਡ (Planning & Monitoring Board) ਦੀ ਵਾਈਸ-ਚਾਂਸਲਰ ਸਾਹਿਬ ਦੀ ਪ੍ਰਧਾਨਗੀ ਹੇਠ ਮਿਤੀ 14-05-2012 ਨੂੰ ਸਵੇਰੇ 10.00 ਵਜੇ ਸਿੰਡੀਕੇਟ ਰੂਮ, ਯੂਨੀਵਰਸਿਟੀ ਕੈਂਪਸ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ।

<u>ਹਾਜਰ ਮੈਂਬਰ</u>

1. ਡਾ. ਜਸਪਾਲ ਸਿੰਘ (ਚੇਅਰਮੈਨ)
   ਵਾਈਸ-ਚਾਂਸਲਰ
2. ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ
3. ਪ੍ਰੋ. ਜੋਧ ਸਿੰਘ
4. ਪ੍ਰੋ. ਐਸ.ਐਸ. ਟਿਵਾਣਾ,
   ਡੀਨ ਅਕਾਦਮਿਕ ਮਾਮਲੇ
5. ਪ੍ਰੋ. ਏ.ਕੇ. ਤਿਵਾੜੀ,
   ਡੀਨ ਮੈਡੀਸਨ
6. ਪ੍ਰੋ. ਹਰਪਾਲ ਕੌਰ ਖਹਿਰਾ,
   ਡੀਨ ਲਾਅ
7. ਪ੍ਰੋ. ਯਸ਼ਪਾਲ ਸ਼ਰਮਾ,
   ਡੀਨ ਆਰਟਸ ਐਂਡ ਕਲਚਰ
8. ਪ੍ਰੋ. ਜੇ.ਐਸ. ਪਸਰੀਚਾ,
   ਡੀਨ ਬਿਜਨਸ ਸਟੱਡੀਜ਼
9. ਪ੍ਰੋ. ਐਚ.ਐਸ. ਭੱਟੀ,
   ਡੀਨ ਫਿਜ਼ੀਕਲ ਸਾਇੰਸਿਜ਼
10. ਪ੍ਰੋ. ਤੇਜਿੰਦਰ ਕੌਰ,
    ਡੀਨ ਭਾਸ਼ਾਵਾਂ
11. ਪ੍ਰੋ. ਅਰੁਨਾ ਭਾਟੀਆ
    ਡੀਨ ਲਾਈਫ਼ ਸਾਇੰਸਿਜ਼
12. ਪ੍ਰੋ. ਜੇ.ਏ. ਖਾਨ
    ਡੀਨ ਕਾਲਜ ਵਿਕਾਸ ਕੌਂਸਿਲ
13. ਪ੍ਰੋ. ਚੰਦਨ ਸਿੰਘ,
    ਡੀਨ ਰਿਸਰਚ
14. ਪ੍ਰੋ. ਏ.ਐਸ. ਚਾਵਲਾ,
    ਰਜਿਸਟਰਾਰ
15. ਸ੍ਰ. ਜਗਤਾਰ ਸਿੰਘ, ਵਿੱਤ ਅਫ਼ਸਰ
16. ਪ੍ਰੋ. ਦੇਵਿੰਦਰ ਸਿੰਘ,
    ਡਾਇਰੈਕਟਰ, ਯੋਜਨਾ ਤੇ ਨਿਰੀਖਣ

ਪ੍ਰੋ. ਦਲਬੀਰ ਸਿੰਘ ਢਿਲੋਂ, ਡਾ. ਵਿਜੈ ਵੀਰ ਸਿੰਘ ਅਤੇ ਪ੍ਰੋ. ਕਿਰਨਦੀਪ ਕੌਰ ਕੁਝ ਪ੍ਰਸ਼ਾਸਕੀ ਰੁਝੇਵਿਆਂ ਕਾਰਨ ਇਸ ਇਕੱਤਰਤਾ ਵਿੱਚ ਸ਼ਾਮਲ ਨਹੀਂ ਹੋ ਸਕੇ।

ਇਕੱਤਰਤਾ ਦੇ ਆਰੰਭ ਵਿੱਚ ਵਾਈਸ-ਚਾਂਸਲਰ ਸਾਹਿਬ ਨੇ ਪਿਛਲੇ ਸਾਲ ਦੌਰਾਨ ਯੂਨੀਵਰਸਿਟੀ ਦੀ ਕਾਰਗੁਜ਼ਾਰੀ ਬਾਰੇ ਮੈਂਬਰ ਸਾਹਿਬਾਨ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਬੋਰਡ ਦੇ ਮੈਂਬਰਾਂ ਨੂੰ ਦੱਸਿਆ ਕਿ ਰਾਜ ਸਰਕਾਰ ਵੱਲੋਂ ਸਲਾਨਾ ਗ੍ਰਾਂਟ ਦਾ 100 ਪ੍ਰਤੀਸ਼ਤ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਰਾਜ ਸਰਕਾਰ ਦੇ ਮੰਤਰੀ ਸ੍ਰ. ਸੁਰਜੀਤ ਸਿੰਘ ਰੱਖੜਾ ਜੀ ਨਾਲ ਰੂਰਲ ਏਰੀਏ ਦੇ ਸਬੰਧ ਵਿੱਚ ਗਲਬਾਤ ਕੀਤੀ ਹੈ ਅਤੇ ਉਨ੍ਹਾਂ ਨੂੰ ਦੱਸਿਆ ਹੈ ਕਿ ਯੂਨੀਵਰਸਿਟੀ ਵੱਲੋਂ 14 ਰੂਰਲ ਏਰੀਏ ਵਿੱਚ ਸੈਂਟਰ ਸਥਾਪਿਤ ਕੀਤੇ ਹੋਏ ਹਨ ਅਤੇ ਨੇੜ ਭਵਿੱਖ ਵਿੱਚ ਯੂਨੀਵਰਸਿਟੀ ਵੱਲੋਂ ਇੱਕ ਤਜਵੀਜ਼ ਤਿਆਰ ਕੀਤੀ ਜਾ ਰਹੀ ਹੈ ਅਤੇ ਇਹ ਤਜਵੀਜ਼ ਰਾਜ ਸਰਕਾਰ ਰਾਹੀਂ ਭਾਰਤ ਸਰਕਾਰ ਦੇ ਸਬੰਧਤ ਮੰਤਰਾਲੈ ਨੂੰ ਵਿਤੀ ਸਹਾਇਤਾ ਲਈ ਭੇਜੀ ਜਾਵੇਗੀ। ਅਕਾਦਮਿਕ ਸਟਾਫ਼ ਕਾਲਜ, ਵਿਮੈਨ ਸਟੱਡੀਜ਼ ਸੈਂਟਰ ਅਤੇ ਕੁਝ ਹੋਰ ਸਕੀਮਾਂ ਦੀ ਗ੍ਰਾਂਟ ਵਿੱਚ ਯੂ.ਜੀ.ਸੀ. ਪਾਸੋਂ ਵਾਧਾ ਕਰਵਾਇਆ ਗਿਆ ਹੈ। Centre for Indo-North American Studies ਅਤੇ Centre for Diaspora Studies ਲਈ ਵੀ ਅਕਾਦਮਿਕ ਪੱਧਰ ਤੇ ਲੋੜ ਅਨੁਸਾਰ ਕਾਰਵਾਈ ਯੂਨੀਵਰਸਿਟੀ ਵੱਲੋਂ ਕੀਤੀ ਜਾ ਰਹੀ ਹੈ।

ਇਸ ਉਪਰੰਤ ਵਾਈਸ-ਚਾਂਸਲਰ ਸਾਹਿਬ ਦੀ ਆਗਿਆ ਨਾਲ ਯੋਜਨਾ ਤੇ ਨਿਰੀਖਣ ਬੋਰਡ ਦੀ ਕਾਰਵਾਈ ਸ਼ੁਰੂ ਕੀਤੀ ਗਈ। ਸਭ ਤੋਂ ਪਹਿਲਾਂ ਮਿਤੀ 19-04-2011 ਨੂੰ ਯੋਜਨਾ ਅਤੇ ਨਿਰੀਖਣ ਬੋਰਡ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

ਚਲਦਾ.............

**ਮੱਦ ਨੰਬਰ:1** ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ/ਨੇਬਰਹੁੱਡ ਕੈਂਪਸਾਂ ਵਿਖੇ ਅਕਾਦਮਿਕ ਸੈਸ਼ਨ 2012-13 ਤੋਂ ਨਵੇਂ ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 18-04-2012 ਨੂੰ ਹੋਈ ਇਕੱਤਰਤਾ ਵਿੱਚ ਹੇਠ ਦਰਜ ਸਿਫਾਰਸ਼ਾਂ (ਅੰਤਿਕਾ- I) 'ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਨਿਮਨ-ਲਿਖਿਤ ਵੱਖ-ਵੱਖ ਵਿਭਾਗਾਂ/ਨੇਬਰਹੁੱਡ ਕੈਂਪਸਾਂ ਵਿਖੇ ਸ਼ੁਰੂ ਕਰਨ ਵਾਲੇ ਕੋਰਸਾਂ ਸਬੰਧੀ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

ਨੋਟ: **ਅਕਾਦਮਿਕ ਸਾਲ 2012-13 ਤੋਂ ਹੇਠ ਲਿਖੇ ਨਵੇਂ ਕੋਰਸ ਇਸ ਸ਼ਰਤ ਤੇ ਸ਼ੁਰੂ ਕਰਨ ਦੀ ਸਿਫਾਰਸ਼ ਕੀਤੀ ਕਿ ਇਨ੍ਹਾਂ ਵਿਭਾਗਾਂ/ਨੇਬਰਹੁੱਡ ਕੈਂਪਸਿਜ਼/ਕਾਲਜਾਂ ਨੂੰ ਮੌਜੂਦਾ ਫੈਕਲਟੀ, ਇਨਫਰਾਸਟਰੱਕਚਰ ਅਤੇ ਹੋਰ ਸਹੂਲਤਾਂ ਨਾਲ ਹੀ ਕੋਰਸ ਚਲਾਉਣੇ ਹੋਣਗੇ।**

1. ਪੰਜਾਬੀ ਯੂਨੀਵਰਸਿਟੀ ਟੀ.ਪੀ.ਡੀ. ਮਾਲਵਾ ਕਾਲਜ, ਰਾਮਪੁਰਾਫੂਲ-ਮਹਿਰਾਜ ਵਿਖੇ ਬੀ.ਐਸ.ਸੀ.(ਮੈਥੇਮੈਟਿਕਸ, ਕੰਪਿਊਟਰ ਐਪਲੀਕੇਸ਼ਨ ਐਂਡ ਮੈਨੇਜਮੈਂਟ), ਐਮ.ਏ. (ਹਿਸਟਰੀ), ਐਮ.ਏ. (ਪੰਜਾਬੀ), ਬੀ.ਪੀ.ਐਡ. (1 ਸਾਲਾ ਕੋਰਸ) ਯੋਗਤਾ ਗ੍ਰੈਜੂਏਸ਼ਨ ਅਤੇ ਐਮ.ਸੀ.ਏ. ਕੋਰਸ (ਅੰਤਿਕਾ- I-A) ਬੀ.ਪੀ.ਐਡ. ਸ਼ੁਰੂ ਕਰਨ ਲਈ NCTE ਵੱਲੋਂ ਪ੍ਰਵਾਨਗੀ ਲੈਣ ਦੀ ਲੋੜ ਹੋਵੇ ਤਾਂ ਸੰਬੰਧਤ ਕਾਲਜ ਇਸ ਲਈ ਲੋੜੀਂਦੀ ਕਾਰਵਾਈ ਕਰੇਗਾ।
2. ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕੈਂਪਸ, ਕਰੰਡੀ (ਮਾਨਸਾ) ਵਿਖੇ ਬੀ.ਐਸ.ਸੀ.(ਕੰਪਿਊਟਰ, ਸਟੈਟਿਸਟਿਕਸ ਐਂਡ ਮੈਥੇਮੈਟਿਕਸ) ਕੋਰਸ (ਅੰਤਿਕਾ- I-B)
3. ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕਾਲਜ, ਦਮਦਮਾ ਸਾਹਿਬ (ਜਿਲਾ ਬਠਿੰਡਾ) ਵਿਖੇ Five year M.Com.(Hons. School- FYIC) ਕੋਰਸ (ਅੰਤਿਕਾ-I-C), ਬੀ.ਐਸ.ਸੀ. ਐਗਰੀਕਲਚਰ (ਚਾਰ ਸਾਲਾ) (10+2 ਤੋਂ ਬਾਅਦ) ਕੋਰਸ (ਅੰਤਿਕਾ-I-D), ਅਤੇ ਐਮ.ਏ.(ਪੰਜਾਬੀ) ਕੋਰਸ (ਅੰਤਿਕਾ-I-E)
   ਬੀ.ਐਸ.ਸੀ. ਐਗਰੀਕਲਚਰ (ਚਾਰ ਸਾਲਾ) (10+2 ਤੋਂ ਬਾਅਦ) ਕੋਰਸ ਦੇ ਸਬੰਧ ਵਿੱਚ ਜਦੋਂ ਸਿਲੇਬਸ ਆਦਿ ਤਿਆਰ ਕੀਤੇ ਜਾਣਗੇ, ਉਸ ਸਮੇਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਬੰਧਿਤ ਫੈਕਲਟੀ ਮੈਂਬਰ ਨੂੰ ਵੀ ਬੋਰਡ ਆਫ ਸਟੱਡੀਜ਼ ਵਿੱਚ ਮੈਂਬਰ ਵਜੋਂ ਸ਼ਾਮਲ ਕਰ ਲਿਆ ਜਾਵੇ।
4. ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕੈਂਪਸ, ਜੈਤੋ (ਫਰੀਦਕੋਟ) ਵਿਖੇ ਐਮ.ਸੀ.ਏ. ਕੋਰਸ (ਅੰਤਿਕਾ-I-F)
5. ਪੰਜਾਬੀ ਯੂਨੀਵਰਸਿਟੀ ਬਾਬਾ ਧਿਆਨ ਦਾਸ ਨੇਬਰਹੁੱਡ ਕੈਂਪਸ, ਝੁਨੀਰ (ਮਾਨਸਾ) ਵਿਖੇ ਬੀ.ਸੀ.ਏ. ਕੋਰਸ (ਅੰਤਿਕਾ-I-G)
6. ਪੰਜਾਬੀ ਯੂਨੀਵਰਸਿਟੀ ਅਕਾਲੀ ਫੂਲਾ ਸਿੰਘ ਨੇਬਰਹੁੱਡ ਕੈਂਪਸ, ਦੇਹਲਾ ਸੀਹਾਂ (ਸੰਗਰੂਰ) ਵਿਖੇ ਐਮ.ਸੀ.ਏ. ਕੋਰਸ (ਅੰਤਿਕਾ-I-H)
7. ਡਿਸਟੈਂਸ ਐਜੂਕੇਸ਼ਨ ਵਿਖੇ ਐਮ.ਏ. (ਲੋਕ ਪ੍ਰਸ਼ਾਸਨ) ਕੋਰਸ (ਅੰਤਿਕਾ-I-I)
8. ਸਮਾਜ ਵਿਗਿਆਨ ਅਤੇ ਸਮਾਜਕ ਮਾਨਵ ਵਿਗਿਆਨ ਵਿਖੇ PG Diploma in Social Impact Assessment (one year) (ਅੰਤਿਕਾ-I-J)
9. ਵਿਮੈਨਜ਼ ਸਟੱਡੀਜ਼ ਸੈਂਟਰ ਵਿਖੇ ਐਮ.ਏ. ਵੂਮੈਨ ਸਟੱਡੀਜ਼ ਕੋਰਸ (ਅੰਤਿਕਾ-I-K)
10. ਸਰੀਰਕ ਸਿੱਖਿਆ ਵਿਭਾਗ ਵਿਖੇ ਐਮ.ਫਿਲ. ਕੋਰਸ (ਅੰਤਿਕਾ-I-L)
11. ਸੈਂਟਰ ਫਾਰ ਐਡਵਾਂਸਡ ਮੀਡੀਆ ਸਟੱਡੀਜ਼ ਵਿਖੇ ਐਡਵਾਂਸਡ ਡਿਪਲੋਮਾ ਇਨ ਮਲਟੀਮੀਡੀਆ ਐਪਲੀਕੇਸ਼ਨਜ਼ (Advanced Diploma in Multimedia Applications) (ਅੰਤਿਕਾ-I-M)

ਚਲਦਾ........

12. ਕਾਮਰਸ ਵਿਭਾਗ ਵਿਖੇ ਐਮ.ਕਾਮ.(ਫਾਈਨਾਂਸ਼ੀਅਲ ਮੈਨੇਜਮੈਂਟ) ਦਾ ਨਾਮ ਬਦਲ ਕੇ ਐਮ.ਕਾਮ. (ਫਾਈਨਾਂਸ) ਕਰ ਦਿੱਤਾ ਜਾਵੇ। (ਅੰਤਿਕਾ- I-N)
13. ਬਾਟਨੀ ਵਿਭਾਗ ਵਿਖੇ M.Sc. Hon's in Botany (Five year Integrated Course) (10+2 ਤੋਂ ਬਾਅਦ) (ਅੰਤਿਕਾ-I-O)
    ਜੇਕਰ ਵਿਦਿਆਰਥੀ ਇਸ ਕੋਰਸ ਨੂੰ ਤਿੰਨ ਸਾਲ ਬਾਅਦ ਛੱਡਣਾ ਚਾਹੁੰਦਾ ਹੈ ਤਾਂ ਵਿਦਿਆਰਥੀ ਨੂੰ B.Sc. (Hons.) in Botany ਦੀ ਡਿਗਰੀ ਦਿੱਤੀ ਜਾ ਸਕਦੀ ਹੈ।
14. ਬਾਇਓਟੈਕਨਾਲੋਜੀ ਵਿਭਾਗ ਵਿਖੇ ਐਮ.ਐਸ.ਸੀ.(ਬਾਇਓਟੈਕਨਾਲੋਜੀ) ਅਤੇ ਐਮ.ਐਸ.ਸੀ. (ਮਾਈਕਰੋਬੀਅਲ ਅਤੇ ਫੂਡ ਟੈਕਨਾਲੋਜੀ) ਨੂੰ ਅਪਗ੍ਰੇਡ ਕਰਕੇ ਐਮ.ਐਸ.ਸੀ. ਆਨਰਜ਼ ਕਰ ਦਿੱਤਾ ਜਾਵੇ। ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਐਮ.ਐਸ.ਸੀ. (ਆਨਰਜ਼) ਦਾ ਸਿਲੇਬਸ ਸਧਾਰਨ ਐਮ.ਐਸ.ਸੀ. ਤੋਂ ਵੱਖਰਾ ਹੋਵੇਗਾ (ਅੰਤਿਕਾ-I-P)
15. ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ ਵਿਖੇ ਬੀ.ਟੈਕ.(ਸਿਵਲ ਇੰਜੀਨੀਅਰਿੰਗ) ਅਤੇ ਬੀ.ਟੈਕ. (ਪੈਟਰੋ ਕੈਮੀਕਲ ਇੰਜੀਨੀਅਰਿੰਗ) ਦੇ ਨਵੇਂ ਕੋਰਸ ਸ਼ੁਰੂ ਕਰਨ ਦੀ ਤਜਵੀਜ਼ ਨੂੰ ਸਿਧਾਂਤਕ ਤੌਰ ਤੇ ਪ੍ਰਵਾਨ ਕਰ ਲਿਆ ਗਿਆ ਹੈ(ਅੰਤਿਕਾ-I-Q)

**ਮੱਦ ਨੰਬਰ:2** ਪੰਜਾਬੀ ਯੂਨੀਵਰਸਿਟੀ ਕੈਂਪਸ, ਮੋੜ (ਬਠਿੰਡਾ) ਵਿਖੇ ਅਕਾਦਮਿਕ ਸੈਸ਼ਨ 2012-13 ਤੋਂ ਬੀ.ਕਾਮ.ਪ੍ਰੋਫੈਸ਼ਨਲ ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਵਿਸ਼ੇਸ਼ ਪ੍ਰਵਾਨਗੀ (ਅੰਤਿਕਾ - II) ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

ਨੋਟ

1. ਇਲਾਕੇ ਦੇ ਵਿਦਿਆਰਥੀਆਂ ਵੱਲੋਂ ਬੀ.ਕਾਮ. ਪ੍ਰੋਫੈਸ਼ਨਲ ਕੋਰਸ ਨੂੰ ਪੰਜਾਬੀ ਯੂਨੀਵਰਸਿਟੀ ਕੈਂਪਸ, ਮੋੜ (ਬਠਿੰਡਾ) ਵਿਖੇ ਸ਼ੁਰੂ ਕਰਨ ਦੀ ਮੰਗ ਦੀ ਲੋਅ ਵਿੱਚ ਇਹ ਕੋਰਸ ਇਸ ਸ਼ਰਤ ਤੇ ਸ਼ੁਰੂ ਕਰਨਾ ਹੈ ਕਿ ਕੈਂਪਸ ਵਿੱਚ ਮੌਜੂਦਾ ਫੈਕਲਟੀ, ਇਨਫਰਾਸਟਰੱਕਚਰ ਅਤੇ ਹੋਰ ਸਹੂਲਤਾਂ ਨਾਲ ਹੀ ਉਕਤ ਕੋਰਸ ਨੂੰ ਚਲਾਉਣਾ ਹੋਵੇਗਾ।

2. ਇਸ ਕੋਰਸ ਵਿੱਚ 60 ਸੀਟਾਂ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਅਤੇ ਦਾਖਲਾ ਯੂਨੀਵਰਸਿਟੀ ਦੇ ਨਿਯਮਾਂ ਮੁਤਾਬਿਕ ਕੀਤਾ ਜਾਣਾ ਹੈ।

**ਮੱਦ ਨੰਬਰ:3** ਯੂਨੀਵਰਸਿਟੀ ਕਾਲਜ, ਮੂਨਕ ਜਿਲਾ ਸੰਗਰੂਰ ਵਿਖੇ ਅਕਾਦਮਿਕ ਸੈਸ਼ਨ 2012-13 ਤੋਂ ਬੀ.ਬੀ.ਏ. ਦਾ ਪ੍ਰੋਫੈਸ਼ਨਲ ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਵਿਸ਼ੇਸ਼ ਪ੍ਰਵਾਨਗੀ (ਅੰਤਿਕਾ-III) ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਮਾਮਲਾ ਕੰਨਸਟੀਚਿਊਐਂਟ ਕਾਲਜਾਂ ਦੀ ਐਡਵਾਈਜ਼ਰੀ ਕਮੇਟੀ ਨੂੰ ਰੈਫਰ ਕਰ ਦਿੱਤਾ ਜਾਂਦਾ ਹੈ ਜਿਸ ਵਿੱਚ ਹੇਠ ਲਿਖੇ ਨੋਟ ਵਿੱਚ ਦਿੱਤੇ ਗਏ ਨੁਕਤਿਆਂ ਤੇ ਵਿਚਾਰ ਕੀਤਾ ਜਾਣਾ ਹੈ:-

ਨੋਟ

1. ਪ੍ਰਿੰਸੀਪਲ, ਯੂਨੀਵਰਸਿਟੀ ਕਾਲਜ, ਮੂਨਕ, ਜਿਲ੍ਹਾ ਸੰਗਰੂਰ ਨੇ ਆਪਣੇ ਪੱਤਰ ਰਾਹੀਂ ਸੁਝਾਅ ਦਿੱਤਾ ਕਿ ਕਾਲਜ ਵਿਖੇ ਬੀ.ਬੀ.ਏ. ਕੋਰਸ ਸ਼ੁਰੂ ਕੀਤਾ ਜਾਵੇ।

ਚਲਦਾ.....................

2. ਇਹ ਕੋਰਸ ਕਾਲਜ ਵਿੱਚ ਇਸ ਸ਼ਰਤ ਤੇ ਸ਼ੁਰੂ ਕਰਨਾ ਹੈ ਕਿ ਮੌਜੂਦਾ ਫੈਕਲਟੀ, ਇਨਫਰਾਸਟਰੱਕਚਰ ਅਤੇ ਹੋਰ ਸਹੂਲਤਾਂ ਨਾਲ ਹੀ ਚਲਾਇਆ ਜਾਵੇਗਾ।

**ਮੱਦ ਨੰਬਰ:4** ਡਿਸਟੈਂਸ ਐਜੂਕੇਸ਼ਨ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2011-12 ਤੋਂ ਐਮ.ਏ. (ਸਮਾਜ ਵਿਗਿਆਨ) ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ (ਅੰਤਿਕਾ- IV) ਉਪਰੰਤ ਵਿਭਾਗ ਵੱਲੋਂ ਪ੍ਰਬੰਧਕੀ ਕਾਰਨਾਂ ਕਾਰਨ ਇਹ ਕੋਰਸ ਨਾ ਸ਼ੁਰੂ ਕਰਨ ਦੀ ਲੋਅ ਵਿੱਚ ਹੁਣ ਅਕਾਦਮਿਕ ਸੈਸ਼ਨ 2012-13 ਤੋਂ ਕੋਰਸ ਸ਼ੁਰੂ ਕਰਨ ਦੇ ਮਾਮਲੇ ਤੇ ਕੀਤੀ ਬੇਨਤੀ ਤੇ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

**ਨੋਟ**

ਡਿਸਟੈਂਸ ਐਜੂਕੇਸ਼ਨ ਵਿਭਾਗ ਦੀ ਵਿਭਾਗੀ ਏ.ਸੀ.ਡੀ. ਦੀ ਮਿਤੀ 23-11-2010 (ਅੰਤਿਕਾ-V) ਨੂੰ ਹੋਈ ਇਕੱਤਰਤਾ ਦੀ ਕਾਰਵਾਈ ਰਾਹੀਂ ਇਹ ਸਿਫਾਰਸ਼ ਕੀਤੀ ਗਈ ਕਿ ਉਕਤ ਕੋਰਸ ਅਕਾਦਮਿਕ ਸੈਸ਼ਨ 2011-12 ਤੋਂ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਪਾਸੋਂ ਪ੍ਰਵਾਨਗੀ ਲਈ ਜਾਵੇ। ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਉਪਰੰਤ ਵਿਭਾਗ ਵੱਲੋਂ ਕੁਝ ਪ੍ਰਬੰਧਕੀ ਕਾਰਨਾਂ ਕਰਕੇ ਇਹ ਕੋਰਸ ਸ਼ੁਰੂ ਨਹੀਂ ਕੀਤਾ ਅਤੇ ਅਕਾਦਮਿਕ ਸੈਸ਼ਨ 2012-13 ਤੋਂ ਸ਼ੁਰੂ ਕਰਨ ਦੀ ਪ੍ਰਵਾਨਗੀ ਮੰਗੀ ਹੈ ਅਤੇ ਮਾਮਲਾ ਯੋਜਨਾ ਤੇ ਨਿਰੀਖਣ ਬੋਰਡ ਅੱਗੇ ਪੇਸ਼ ਕਰਨ ਲਈ ਲਿਖਿਆ ਹੈ। ਪਾਸ ਹੋਇਆ ਕਿ ਸੈਸ਼ਨ 2012-13 ਤੋਂ ਇਹ ਕੋਰਸ ਸ਼ੁਰੂ ਕਰ ਲਿਆ ਜਾਵੇ। ਇਸ ਦੀ ਫੀਸ ਬਾਕੀ ਐਮ.ਏ. ਦੀ ਫੀਸ ਦੇ ਬਰਾਬਰ ਹੋਵੇਗੀ।

**ਮੱਦ ਨੰਬਰ:5** ਡਿਸਟੈਂਸ ਐਜੂਕੇਸ਼ਨ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2012-13 ਤੋਂ ਸਰਟੀਫਿਕੇਟ ਕੋਰਸ ਇਨ ਸੰਸਕ੍ਰਿਤ (ਇੱਕ ਸਾਲਾ ਕੋਰਸ) (ਅੰਤਿਕਾ-VI) ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

**ਨੋਟ**

1. ਡਿਸਟੈਂਸ ਐਜੂਕੇਸ਼ਨ ਵਿਭਾਗ ਦੀ ਵਿਭਾਗੀ ਏ.ਸੀ.ਡੀ. ਦੀ ਮਿਤੀ 29-02-2012 (ਅੰਤਿਕਾ-VII) ਨੂੰ ਹੋਈ ਇਕੱਤਰਤਾ ਦੀ ਕਾਰਵਾਈ ਰਾਹੀਂ ਇਹ ਸਿਫਾਰਸ਼ ਕੀਤੀ ਕਿ ਵਿਭਾਗ ਵਿੱਚ ਉਕਤ ਕੋਰਸ ਅਕਾਦਮਿਕ ਸੈਸ਼ਨ 2012-13 ਤੋਂ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਪਾਸੋਂ ਪ੍ਰਵਾਨਗੀ ਲਈ ਜਾਵੇ। ਉਨ੍ਹਾਂ ਵੱਲੋਂ ਇਸ ਕੋਰਸ ਨੂੰ ਸ਼ੁਰੂ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ

2. ਇਸ ਕੋਰਸ ਦੇ ਸਿਲੇਬਸ ਅਤੇ ਆਡੀਨੈਂਸ ਸੰਸਕ੍ਰਿਤ ਵਿਭਾਗ ਵੱਲੋਂ ਤਿਆਰ ਕੀਤੇ ਗਏ ਹਨ ਅਤੇ ਕਲਾਸਾਂ ਵੀ ਸੰਸਕ੍ਰਿਤ ਵਿਭਾਗ ਦੀ ਫ਼ੈਕਲਟੀ ਵੱਲੋਂ ਹੀ ਲਈਆਂ ਜਾਣਗੀਆਂ।

ਚਲਦਾ.....................

**ਮੱਦ ਨੰਬਰ:6** ਯੂਨੀਵਰਸਿਟੀ ਵਿਖੇ School of Social Sciences ਸਥਾਪਿਤ ਕਰਨ ਅਤੇ ਇਸ ਅਧੀਨ ਅਕਾਦਮਿਕ ਸਾਲ 2012-13 ਤੋਂ Bachelor of Social Sciences (Hon's School) ਦਾ ਨਵਾਂ ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 03-04-2012 ਨੂੰ ਹੋਈ ਇਕੱਤਰਤਾ ਵਿੱਚ ਕੀਤੀਆਂ ਸਿਫਾਰਸ਼ਾਂ (ਅੰਤਿਕਾ-VIII) 'ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਤੇ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

**ਨੋਟ**

ਇਸ ਕੋਰਸ ਦਾ ਮੁਖ ਉਦੇਸ਼ 10+2 ਪਾਸ ਵਿਦਿਆਰਥੀਆਂ ਨੂੰ ਸਮਾਜਿਕ ਵਿਸ਼ਿਆਂ ਦੀ ਉਚ-ਪੱਧਰ ਦਾ ਗਿਆਨ ਪ੍ਰਾਪਤ ਕਰਨ ਉਪਰੰਤ ਉਨ੍ਹਾਂ ਨੂੰ ਸਿਵਲ ਸਰਵਿਸਿਜ਼ ਦੀ ਭਰਤੀ ਦੇ ਮੁਕਾਬਲੇ ਦੇ ਇਮਤਿਹਾਨਾਂ ਲਈ ਤਿਆਰ ਕਰਨਾ ਹੋਵੇਗਾ। ਵਾਈਸ-ਚਾਂਸਲਰ ਸਾਹਿਬ ਨੇ ਡੀਨ, ਫੈਕਲਟੀ ਆਫ ਸੋਸ਼ਲ ਸਾਇੰਸਿਜ਼ ਨੂੰ School of Social Sciences ਦੇ ਇੰਚਾਰਜ ਵਜੋਂ ਨਿਯੁਕਤ ਕੀਤਾ ਹੈ (ਅੰਤਿਕਾ-VIIIA)

**ਮੱਦ ਨੰਬਰ:7** ਰਾਜ ਵਿੱਚ Centralized Public Grievances Redressal and Monitoring (CPGRAM) System ਲਾਗੂ ਕਰਨ ਹਿੱਤ ਮੁਖ ਸਕੱਤਰ, ਪੰਜਾਬ ਸਰਕਾਰ ਵੱਲੋਂ ਪ੍ਰਾਪਤ ਪੱਤਰ ਦੀ ਲੋਅ ਵਿੱਚ ਵਾਈਸ-ਚਾਂਸਲਰ ਸਾਹਿਬ ਵੱਲੋਂ ਯੂਨੀਵਰਸਿਟੀ ਵਿਖੇ Public Grievances Redressal Cell ਸਥਾਪਿਤ ਕਰਨ ਦੀ ਦਿੱਤੀ ਪ੍ਰਵਾਨਗੀ (ਅੰਤਿਕਾ-IX) ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

**ਨੋਟ**

1. ਰਾਜ ਵਿੱਚ ਲੋਕਾਂ ਦੀਆਂ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਕਰਨ ਲਈ Centralized Public Grievances Redressal and Monitoring (CPGRAM) System ਲਾਗੂ ਕਰਨ ਹਿੱਤ ਮੁਖ ਸਕੱਤਰ, ਪੰਜਾਬ ਸਰਕਾਰ ਵੱਲੋਂ ਪ੍ਰਾਪਤ ਪੱਤਰ ਦੀ ਲੋਅ ਵਿੱਚ ਵਾਈਸ-ਚਾਂਸਲਰ ਸਾਹਿਬ ਵੱਲੋਂ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ਵਿੱਚ ਯੂਨੀਵਰਸਿਟੀ ਵਿਖੇ Public Grievances Redressal Cell ਸਥਾਪਿਤ ਕੀਤਾ ਗਿਆ।

2. ਡਾ. ਜੀ.ਐਸ. ਬਤਰਾ, ਪ੍ਰੋਫੈਸਰ, ਸਕੂਲ ਆਫ ਅਪਲਾਈਡ ਮੈਨੇਜਮੈਂਟ ਨੂੰ ਇਸ ਸੈਲ ਦੇ ਨੋਡਲ ਅਫ਼ਸਰ ਵਜੋਂ ਨਿਯੁਕਤ ਕੀਤਾ ਗਿਆ ਅਤੇ ਹੇਠ ਲਿਖੇ ਮੈਂਬਰ ਨਾਮਜ਼ਦ ਕੀਤੇ ਗਏ:-
   ੳ. ਡਾ. ਅੰਮ੍ਰਿਤਪਾਲ ਕੌਰ, ਪ੍ਰੋਫੈਸਰ, ਪੰਜਾਬੀ ਲਿਟਰੇਰੀ ਸਟੱਡੀਜ਼ ਵਿਭਾਗ
   ਅ. ਡਾ. ਰਿਤੂ ਲਹਿਲ, ਪ੍ਰੋਫੈਸਰ, ਸਕੂਲ ਆਫ ਅਪਲਾਈਡ ਸਟੱਡੀਜ਼ ਵਿਭਾਗ
   ੲ. ਡਾ. ਭੁਪਿੰਦਰ ਸਿੰਘ, ਅਸਿਸਟੈਂਟ ਪ੍ਰੋਫੈਸਰ, ਕਾਨੂੰਨ ਵਿਭਾਗ

ਚਲਦਾ.....................

ਸ. ਸ਼੍ਰੀਮਤੀ ਰਸਜੀਤ ਕੌਰ, ਸੀਨੀਅਰ ਵਾਰਡਨ
(ਲੜਕੀਆਂ ਦੇ ਹੋਸਟਲ)
ਇਨ੍ਹਾਂ ਮੈਂਬਰਾਂ ਦੀ ਨਿਯੁਕਤੀ ਸਬੰਧੀ ਪੰਜਾਬ ਰਾਜ ਸਰਕਾਰ ਦੇ ਸੰਬੰਧਿਤ ਵਿਭਾਗ ਨੂੰ ਜਾਣਕਾਰੀ ਦੇ ਦਿੱਤੀ ਹੈ।

**ਮੱਦ ਨੰਬਰ:8** ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਖੇ ਦੋ ਨਵੇਂ ਕੋਰਸ ਸ਼ੁਰੂ ਕਰ ਦਿੱਤੇ ਗਏ ਹਨ ਅਤੇ ਇਸ ਵਿਭਾਗ ਨੂੰ ਅਧਿਆਪਨ ਵਿਭਾਗ ਦਾ ਸਟੇਟਸ ਦੇਣ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 10-04-2012 ਨੂੰ ਹੋਈ ਇਕੱਤਰਤਾ ਵਿੱਚ ਕੀਤੀਆਂ ਸਿਫਾਰਸ਼ਾਂ (ਅੰਤਿਕਾ-X) 'ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਇਸ ਸ਼ਰਤ ਤੇ ਪ੍ਰਵਾਨ ਕਰ ਲਿਆ ਗਿਆ ਕਿ ਇਸ ਵਿਭਾਗ ਦਾ ਰਿਸਰਚ ਨੂੰ ਪ੍ਰਮੋਟ ਕਰਨਾ ਮੁਖ ਟੀਚਾ ਹੋਵੇਗਾ:-

ਨੋਟ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਖੇ ਸਕੂਲ ਆਫ ਥਿਆਲੋਜੀ ਦੇ ਅੰਤਰਗਤ ਦੋ ਕੋਰਸ 'ਸਰਟੀਫਿਕੇਟ ਕੋਰਸ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ 'ਪੋਸਟ ਗਰੈਜੂਏਟ ਡਿਪਲੋਮਾ ਇਨ ਸਿੱਖ ਥਿਆਲੋਜੀ' ਸ਼ੁਰੂ ਕੀਤੇ ਗਏ ਹਨ, ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਨੂੰ ਅਧਿਆਪਨ ਵਿਭਾਗ ਦਾ ਸਟੇਟਸ ਦੇਣ ਸਬੰਧੀ ਕਮੇਟੀ ਵੱਲੋਂ ਕੀਤੀਆਂ ਸਿਫਾਰਸ਼ਾਂ ਨੂੰ ਵਾਈਸ-ਚਾਂਸਲਰ ਸਾਹਿਬ ਨੇ ਪ੍ਰਵਾਨ ਕੀਤਾ।

**ਮੱਦ ਨੰਬਰ:9** ਸਕੂਲ ਆਫ ਅਪਲਾਈਡ ਮੈਨੇਜਮੈਂਟ ਦਾ ਨਾਮ ਬਦਲ ਕੇ ਯੂਨੀਵਰਸਿਟੀ ਸਕੂਲ ਆਫ ਅਪਲਾਈਡ ਮੈਨੇਜਮੈਂਟ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ (ਅੰਤਿਕਾ- XI) ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

ਨੋਟ

1. ਸਕੂਲ ਆਫ ਅਪਲਾਈਡ ਮੈਨੇਜਮੈਂਟ ਵਿਭਾਗ ਦੀ ਵਿਭਾਗੀ ਏ.ਸੀ.ਡੀ. ਦੀ ਮਿਤੀ 03-02-2012 ਨੂੰ ਹੋਈ ਇਕੱਤਰਤਾ ਵਿੱਚ ਸਿਫਾਰਸ਼ ਕੀਤੀ ਗਈ ਕਿ ਇਸ ਵਿਭਾਗ ਦੀ ਅਲਗ ਤੋਂ ਪਹਿਚਾਨ ਬਨਾਉਣ ਲਈ ਇਸ ਵਿਭਾਗ ਦਾ ਨਾਂ ਬਦਲ ਕੇ ਯੂਨੀਵਰਸਿਟੀ ਸਕੂਲ ਆਫ਼ ਅਪਲਾਈਡ ਮੈਨੇਜਮੈਂਟ ਰੱਖਿਆ ਜਾਵੇ।

2. ਵਾਈਸ-ਚਾਂਸਲਰ ਸਾਹਿਬ ਨੇ ਵਿਭਾਗੀ ਏ.ਸੀ.ਡੀ. ਵੱਲੋਂ ਕੀਤੀਆਂ ਉਕਤ ਸਿਫਾਰਸ਼ਾਂ ਦੀ ਲੋਅ ਵਿੱਚ ਵੱਖ-ਵੱਖ ਯੂਨੀਵਰਸਿਟੀ ਬਾਡੀਜ਼ ਦੀ ਪ੍ਰਵਾਨਗੀ ਦੀ ਆਸ ਵਿੱਚ ਸਕੂਲ ਆਫ਼ ਅਪਲਾਈਡ ਮੈਨੇਜਮੈਂਟ ਦਾ ਨਾਮ ਬਦਲ ਕੇ ਯੂਨੀਵਰਸਿਟੀ ਸਕੂਲ ਆਫ਼ ਆਪਲਾਈਡ ਮੈਨੇਜਮੈਂਟ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

**ਮੱਦ ਨੰਬਰ:10** ਯੂਨੀਵਰਸਿਟੀ ਕਾਲਜ ਆਫ਼ ਇੰਜੀਨੀਅਰਿੰਗ ਵਿਖੇ ਅਕਾਦਮਿਕ ਸਾਲ 2011-12 ਤੋਂ ਐਮ.ਟੇਕ. (ਕੰਪਿਊਟਰ ਇੰਜੀਨੀਅਰਿੰਗ), ਐਮ.ਟੈਕ. (ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ), ਐਮ.ਟੈਕ. (ਮਕੈਨੀਕਲ ਇੰਜੀਨੀਅਰਿੰਗ) ਪਾਰਟ ਟਾਈਮ ਕੋਰਸਿਜ਼ ਦੇ ਤੌਰ ਤੇ ਅਤੇ ਬੀ.ਟੈਕ. ਸਿਵਿਲ ਇੰਜੀਨੀਅਰਿੰਗ ਕੋਰਸ

ਚਲਦਾ.....................

ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 09-06-2011 ਨੂੰ ਹੋਈ ਇਕੱਤਰਤਾ ਵਿੱਚ ਕੀਤੀਆਂ ਸਿਫਾਰਸ਼ਾਂ(ਅੰਤਿਕਾ- XII) ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

**ਨੋਟ**

1. ਐਮ.ਟੈਕ. ਪਾਰਟ ਟਾਈਮ ਦੇ ਵਿਦਿਆਰਥੀਆਂ ਦੀ ਵੱਧਦੀ ਹੋਈ ਤਾਦਾਦ ਨੂੰ ਮੱਦੇ ਨਜ਼ਰ ਰੱਖਦੇ ਹੋਏ ਕਮੇਟੀ ਵੱਲੋਂ ਜੋ ਮਿਤੀ 09-06-2011 ਨੂੰ ਹੋਈ ਇਕੱਤਰਤਾ ਵਿੱਚ ਕੀਤੀਆਂ ਸਿਫਾਰਸ਼ਾਂ ਵਾਈਸ-ਚਾਂਸਲਰ ਸਾਹਿਬ ਨੇ ਪ੍ਰਵਾਨ ਕਰ ਲਈਆਂ ਹਨ। ਇਨ੍ਹਾਂ ਐਮ.ਟੈਕ. ਪਾਰਟ ਟਾਈਮ ਕੋਰਸਾਂ ਦੀਆਂ ਕਲਾਸਾਂ ਸ਼ਨਿਚਰਵਾਰ ਅਤੇ ਐਤਵਾਰ ਨੂੰ ਲਾਈਆਂ ਜਾਣ। ਉਪਰੋਕਤ ਐਮ.ਟੈਕ. ਕੋਰਸਿਜ਼ ਲਈ ਸ਼ੁਰੂ ਵਿੱਚ 30-30 ਸੀਟਾਂ ਪ੍ਰਤੀ ਬ੍ਰਾਂਚ ਦੀ ਸਿਫਾਰਸ਼ ਕੀਤੀ ਗਈ।

2. ਯੂਨੀਵਰਸਿਟੀ ਕਾਲਜ ਆਫ ਇੰਜੀਨੀਅਰਿੰਗ ਵਿੱਚ ਬੀ.ਟੈਕ. ਸਿਵਿਲ ਇੰਜੀਨੀਅਰਿੰਗ ਅਕਾਦਮਿਕ ਸੈਸ਼ਨ 2011-12 ਤੋਂ ਸ਼ੁਰੂ ਕਰਨ ਦੀ ਸਿਫਾਰਸ਼ ਕੀਤੀ ਗਈ, ਜਿਸ ਵਿੱਚ 180 ਸੀਟਾਂ ਹੋਣਗੀਆਂ।

**<u>ਮੱਦ ਨੰਬਰ:11</u>** ਜ਼ੂਆਲੋਜੀ ਵਿਭਾਗ ਦਾ ਨਾਮ ਬਦਲ ਕੇ ਜ਼ੂਆਲੋਜੀ ਅਤੇ ਇਨਵਾਈਰਮੈਂਟਲ ਸਾਇੰਸਿਜ਼ (Zoology and Environmental Sciences) ਕਰਨ ਅਤੇ ਅਕਾਦਮਿਕ ਸਾਲ 2011-12 ਤੋਂ ਵਿਭਾਗ ਵਿਖੇ ਐਮ.ਐਸ-ਸੀ. ਇਨਵਾਈਰਮੈਂਟਲ ਸਾਇੰਸਿਜ਼ (M.Sc. Environmental Sciences) ਦਾ ਨਵਾਂ ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 17-05-2011 ਨੂੰ ਹੋਈ ਇਕੱਤਰਤਾ ਵਿੱਚ ਕੀਤੀਆਂ ਸਿਫਾਰਸ਼ਾਂ (ਅੰਤਿਕਾ-XIII) 'ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਨੂੰ ਸਿੰਡੀਕੇਟ ਦੀ ਇਕੱਤਰਤਾ ਮਿਤੀ 20-06-2011 ਦੇ ਪੈਰ੍ਹਾ ਨੰ: 19.36 ਰਾਹੀਂ ਕੀਤੀ ਪੁਸ਼ਟੀ (ਅੰਤਿਕਾ- XIV) ਨੂੰ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਨੋਟ ਕਰ ਲਿਆ ਗਿਆ:-

**ਨੋਟ**

1. ਯੂਨੀਵਰਸਿਟੀ ਵਿਖੇ ਵਾਤਾਵਰਣ ਨਾਲ ਸਬੰਧਤ ਵਿਭਾਗ ਸਥਾਪਤ ਕਰਨ ਅਤੇ ਸੈਸ਼ਨ 2011-12 ਤੋਂ ਇਸ ਸਬੰਧੀ ਨਵਾਂ ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 17-05-2011 ਨੂੰ ਇੱਕਤਰਤਾ ਹੋਈ। ਇਸ ਇਕੱਤਰਤਾ ਵਿੱਚ ਕਮੇਟੀ ਵੱਲੋਂ ਸਿਫਾਰਸ਼ ਕੀਤੀ ਗਈ ਕਿ ਜ਼ੂਆਲੋਜੀ ਵਿਭਾਗ ਦਾ ਨਾਂ ਬਦਲ ਕੇ ਜ਼ੂਆਲੋਜੀ ਅਤੇ ਇਨਵਾਈਰਮੈਂਟਲ ਸਾਇੰਸਿਜ਼ (Zoology and Environmental Sciences) ਰਖ ਦਿੱਤਾ ਜਾਵੇ ਅਤੇ ਅਕਾਦਮਿਕ ਸਾਲ 2011-12 ਤੋਂ ਵਿਭਾਗ ਵਿਖੇ ਐਮ.ਐਸ-ਸੀ. ਇਨਵਾਈਰਮੈਂਟਲ ਸਾਇੰਸਿਜ਼ (M.Sc. Environmental Sciences) ਦਾ ਨਵਾਂ ਕੋਰਸ ਸ਼ੁਰੂ ਕੀਤਾ ਜਾਵੇ, ਜਿਸ ਨੂੰ ਵਾਈਸ-ਚਾਂਸਲਰ ਸਾਹਿਬ ਨੇ ਪ੍ਰਵਾਨ ਕੀਤਾ ਹੈ ਅਤੇ ਇਸ ਦੀ ਪੁਸ਼ਟੀ ਸਿੰਡੀਕੇਟ ਵੱਲੋਂ ਕੀਤੀ ਗਈ ਹੈ।

2. ਐਮ.ਐਸ-ਸੀ. ਇਨਵਾਈਰਮੈਂਟਲ ਸਾਇੰਸਿਜ਼ (M.Sc. Environmental Sciences) ਕੋਰਸ ਵਿੱਚ ਦਾਖਲਾ ਲੈਣ

ਚਲਦਾ.....................

ਦੀ ਯੋਗਤਾ ਜੀਵ ਵਿਗਿਆਨ ਦੇ ਕਿਸੇ ਇੱਕ ਵਿਸ਼ੇ ਸਮੇਤ ਗ੍ਰੈਜੂਏਸ਼ਨ (Graduation with one subject of Biological Sciences) ਹੋਵੇਗੀ ਅਤੇ ਇਸ ਕੋਰਸ ਦੀਆਂ 10 ਸੀਟਾਂ ਹੋਣਗੀਆਂ।

3. ਯੋਜਨਾ ਤੇ ਨਿਰੀਖਣ ਬੋਰਡ ਨੂੰ ਨੋਟ ਕਰਵਾਉਣ ਉਪਰੰਤ ਇਸ ਨੂੰ ਮੁੜ ਸਿੰਡੀਕੇਟ ਵਿੱਚ ਲੈ ਜਾਣ ਦੀ ਲੋੜ ਨਹੀਂ ਹੈ।

**ਮੱਦ ਨੰਬਰ:12** ਵਿਮੈਨਜ਼ ਸਟੱਡੀਜ਼ ਸੈਂਟਰ ਵਿਭਾਗ ਵਿਖੇ ਅਕਾਦਮਿਕ ਸਾਲ 2011-12 ਤੋਂ ਸਪੋਰਟਸ ਸਾਇੰਸ ਦੇ ਸਹਿਯੋਗ ਨਾਲ Post Graduate Diploma in Child Care and Skill Development ਦਾ ਨਵਾਂ ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ (ਅੰਤਿਕਾ-XV) ਨੂੰ ਸਿੰਡੀਕੇਟ ਦੀ ਇਕੱਤਰਤਾ ਮਿਤੀ 20-06-2011 ਦੇ ਪੈਰ੍ਹਾ ਨੰ: 19.17 ਰਾਹੀਂ ਕੀਤੀ ਪੁਸ਼ਟੀ (ਅੰਤਿਕਾ-XVI) ਨੂੰ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਨੋਟ ਕਰ ਲਿਆ ਗਿਆ:-

ਨੋਟ

1) ਇਸ ਕੋਰਸ ਵਿੱਚ ਦਾਖਲੇ ਦੀ ਪਾਤਰਤਾ Graduation in any discipline with 50% marks in the aggregate from this University or any other statutory University **OR** Post-graduation in any discipline with 50% marks in the aggregate from the University or any other statutory University ਹੈ। ਇਸ ਤੋਂ ਇਲਾਵਾ ਸੀਟਾਂ ਦੀ ਗਿਣਤੀ 30 ਅਤੇ ਫੀਸ ਸਟਰੱਕਚਰ ਬਾਕੀ ਪੋਸਟ ਗ੍ਰੈਜੂਏਟ ਡਿਪਲੋਮਾ ਕੋਰਸਾਂ ਵਾਲਾ ਰੱਖਿਆ ਗਿਆ ਹੈ।

2) ਯੋਜਨਾ ਤੇ ਨਿਰੀਖਣ ਬੋਰਡ ਨੂੰ ਨੋਟ ਕਰਵਾਉਣ ਉਪਰੰਤ ਇਸ ਨੂੰ ਮੁੜ ਸਿੰਡੀਕੇਟ ਵਿੱਚ ਲੈ ਜਾਣ ਦੀ ਲੋੜ ਨਹੀਂ ਹੈ।

**ਮੱਦ ਨੰਬਰ:13** ਸਪੋਰਟਸ ਸਾਇੰਸ ਵਿਭਾਗ ਵਿਖੇ ਅਕਾਦਮਿਕ ਸਾਲ 2011-12 ਤੋਂ PG Diploma for Health Fitness Trainer ਦਾ ਨਵਾਂ ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ (ਅੰਤਿਕਾ-XVII) ਨੂੰ ਸਿੰਡੀਕੇਟ ਦੀ ਇਕੱਤਰਤਾ ਮਿਤੀ 09-11-2011 ਦੇ ਪੈਰ੍ਹਾ ਨੰ: 48.36 ਰਾਹੀਂ ਕੀਤੀ ਪੁਸ਼ਟੀ (ਅੰਤਿਕਾ-XVIII) ਨੂੰ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਨੋਟ ਕਰ ਲਿਆ ਗਿਆ:-

ਨੋਟ

1) ਇਸ ਕੋਰਸ ਦਾ ਸਮਾਂ ਇੱਕ ਸਾਲ ਦਾ ਹੋਵੇਗਾ ਅਤੇ ਪ੍ਰੀਖਿਆ ਸਾਲਾਨਾ ਹੋਵੇਗੀ।

2) ਇਸ ਕੋਰਸ ਦੀਆਂ 15 ਸੀਟਾਂ ਹੋਣਗੀਆਂ।

3) ਇਸ ਕੋਰਸ ਲਈ ਹਾਲ ਦੀ ਘੜੀ ਨਵੀਂ ਫੈਕਲਟੀ ਦੀ ਲੋੜ ਨਹੀਂ ਹੈ ਪ੍ਰੰਤੂ ਇਸ ਕੋਰਸ ਦੇ ਤਹਿਤ 3 ਫਿਟਨੈਸ ਟ੍ਰੇਨਰ (Fitness trainer, Nutrition expert & Physical Trainer) ਭਵਿੱਖ ਵਿੱਚ ਲੋੜ ਅਨੁਸਾਰ ਮੁਹੱਈਆ ਕਰਵਾਉਣ ਲਈ ਸਿਫਾਰਸ਼ਾਂ ਕੀਤੀਆਂ ਜਾ ਸਕਦੀਆਂ ਹਨ।

ਚਲਦਾ.....................

4) ਇਸ ਪੀ.ਜੀ. ਡਿਪਲੋਮੇ ਦੀ ਫੀਸ ਪੋਸਟ ਗ੍ਰੈਜੂਏਟ ਕੋਰਸਾਂ ਵਾਂਗ ਹੀ ਤੈਅ ਕਰਨੀ ਬਣਦੀ ਹੈ।

5) ਯੋਜਨਾ ਤੇ ਨਿਰੀਖਣ ਬੋਰਡ ਨੂੰ ਨੋਟ ਕਰਵਾਉਣ ਉਪਰੰਤ ਇਸ ਨੂੰ ਮੁੜ ਸਿੰਡੀਕੇਟ ਵਿੱਚ ਇਸ ਲਈ ਲੈ ਕੇ ਜਾਣਾ ਬਣਦਾ ਹੈ ਕਿਉਂਕਿ ਹੁਣ ਇਸ ਕੋਰਸ ਦਾ ਨਾਮ ਹੁਣ PG Diploma for Health Fitness Trainer ਰੱਖ ਦਿੱਤਾ ਗਿਆ ਹੈ।

**ਮੱਦ ਨੰਬਰ:14** ਯੂਨੀਵਰਸਿਟੀ ਵਿਖੇ Centre for North American Studies ਅਤੇ Centre for Diaspora Studies ਨਾਂ ਦੇ ਦੋ ਸੈਂਟਰ ਸਥਾਪਿਤ ਕਰਨ ਸਬੰਧੀ ਵਾਈਸ-ਚਾਂਸਲਰ ਦੀ ਪ੍ਰਧਾਨਗੀ ਹੇਠ ਮਿਤੀ 22-12-2011 ਨੂੰ ਹੋਈ ਇਕੱਤਰਤਾ ਦੀ ਕਾਰਵਾਈ (ਅੰਤਿਕਾ-XIX) 'ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਨੂੰ ਵਿੱਤ ਕਮੇਟੀ ਮਿਤੀ 06-03-2012 ਦੀ ਇਕੱਤਰਤਾ ਦੀ ਕਾਰਵਾਈ ਦੇ ਪੈਰਾ-IX (ਅੰਤਿਕਾ- 4) ਰਾਹੀਂ ਕੀਤੀਆਂ ਸਿਫਾਰਸ਼ਾਂ ਅਤੇ ਸਿੰਡੀਕੇਟ ਦੀ ਇਕੱਤਰਤਾ ਮਿਤੀ 07-03-2012 ਦੇ ਪੈਰ੍ਹਾ 23 ਅੰਤਿਕਾ-30 ਰਾਹੀਂ ਕੀਤੀ ਪੁਸ਼ਟੀ (ਅੰਤਿਕਾ- XX) ਨੂੰ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਨੋਟ ਕਰ ਲਿਆ ਗਿਆ:-

ਨੋਟ

1. ਯੂਨੀਵਰਸਿਟੀ ਵਿਖੇ Centre for North American Studies ਅਤੇ Centre for Advanced Studies and Research in Indian Diaspora With Special Focus On Punjab ਸਥਾਪਤ ਕਰਨ ਲਈ ਪ੍ਰਪੋਜ਼ਲਸ਼ ਯੂ.ਜੀ.ਸੀ. ਨੂੰ ਭੇਜੀਆਂ ਗਈਆਂ ਹਨ ਅਤੇ ਇਨ੍ਹਾਂ ਸੈਂਟਰਜ਼ ਲਈ ਕ੍ਰਮਵਾਰ ਡਾ. ਨਵਜੋਤ ਕੌਰ, ਐਸੋਸੀਏਟ ਪ੍ਰੋਫੈਸਰ, ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼ ਅਤੇ ਪ੍ਰੋਫੈਸਰ ਮਨਜੀਤਇੰਦਰ ਸਿੰਘ, ਅੰਗ੍ਰੇਜ਼ੀ ਵਿਭਾਗ ਨੂੰ ਕੋਆਰਡੀਨੇਟਰ ਲਗਾਇਆ ਗਿਆ ਹੈ। ਮਿਤੀ 22-12-2011 ਨੂੰ ਵਾਈਸ-ਚਾਂਸਲਰ ਸਾਹਿਬ ਦੀ ਪ੍ਰਧਾਨਗੀ ਹੇਠ ਹੋਈ ਇਕੱਤਰਤਾ ਵਿੱਚ ਫੈਸਲਾ ਲਿਆ ਗਿਆ ਕਿ ਇਹ ਦੋਨੋਂ ਸੈਂਟਰ ਸਥਾਪਤ ਕਰਕੇ ਕੰਮ ਸ਼ੁਰੂ ਕਰ ਦਿੱਤਾ ਜਾਵੇ। ਇਹ ਸੈਂਟਰ ਸ਼ੁਰੂ ਕਰਨ ਲਈ 5 ਲੱਖ ਰੁਪਏ ਪ੍ਰਤੀ ਸੈਂਟਰ ਬਜਟ ਵਿਵਸਥਾ ਕਰ ਦਿੱਤੀ ਜਾਵੇ ਜਿਸਨੂੰ ਸਬੰਧਤ ਸੈਂਟਰ ਦੀ ਲੋੜ ਅਨੁਸਾਰ ਵਰਤਿਆ ਜਾ ਸਕੇਗਾ।

2. ਵਾਈਸ-ਚਾਂਸਲਰ ਸਾਹਿਬ ਨੇ ਯੂਨੀਵਰਸਿਟੀ ਵਿਖੇ Centre for North American Studies ਅਤੇ Centre for Diaspora Studies ਦੋ ਸੈਂਟਰ ਕਾਇਮ ਕਰਨ ਅਤੇ ਇਨ੍ਹਾਂ ਸੈਂਟਰਾਂ ਲਈ ਵਿੱਤੀ ਸਾਲ 2012-13 ਦੇ ਬਜਟ ਵਿਚ ਵੱਖਰੀ-ਵੱਖਰੀ ਮੱਦ ''ਕੰਟੀਜੈਂਸੀ ਅਤੇ ਫੁਟਕਲ ਖਰਚੇ'' ਤਹਿਤ 5-5 ਲੱਖ ਰੁਪਏ ਦੀ ਵਿਵਸਥਾ ਕਰਨ ਸਬੰਧੀ ਪ੍ਰਵਾਨਗੀ ਦਿੱਤੀ ਹੈ ਅਤੇ ਇਸ ਦੀ ਪੁਸ਼ਟੀ ਸਿੰਡੀਕੇਟ ਵੱਲੋਂ ਕੀਤੀ ਗਈ ਹੈ।

3. ਯੋਜਨਾ ਤੇ ਨਿਰੀਖਣ ਬੋਰਡ ਨੂੰ ਨੋਟ ਕਰਵਾਉਣ ਉਪਰੰਤ ਪਾਸ ਹੋਇਆ ਕਿ Centre for North American Studies ਦਾ ਨਾਮ Centre for Indo-North American Studies ਕਰ ਦਿੱਤਾ ਜਾਵੇ।

ਚਲਦਾ.....................

**ਮੱਦ ਨੰਬਰ:15** ਮੁਖੀ, ਗਣਿਤ ਵਿਭਾਗ ਵੱਲੋਂ ਕੀਤੀਆਂ ਸਿਫਾਰਸ਼ਾਂ ਕਿ ਐਮ.ਐਸ.ਸੀ. ਅਪਲਾਈਡ ਮੈਥੇਮੈਟਿਕਸ ਐਂਡ ਕੰਪਿਊਟਿੰਗ ਦਾ ਨਾਮ ਬਦਲ ਕੇ ਐਮ.ਐਸ.ਸੀ. ਮੈਥੇਮੈਟਿਕਸ (ਅਪਲਾਈਡ ਮੈਥੇਮੈਟਿਕਸ ਐਂਡ ਕੰਪਿਊਟਿੰਗ) ਕਰਨ ਦੇ ਮਾਮਲੇ (ਅੰਤਿਕਾ- XXI) ਤੇ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

ਨੋਟ

1. ਗਣਿਤ ਵਿਭਾਗ ਵਿਖੇ ਸਾਲ 2010-11 ਦੌਰਾਨ M.Sc. Applied Mathematics and Computing ਨਾਮ ਦਾ ਕੋਰਸ ਸ਼ੁਰੂ ਕੀਤਾ ਗਿਆ ਸੀ। ਇਸ ਕੋਰਸ ਦੇ ਨਾਮ ਤੋਂ ਵਿਦਿਆਰਥੀਆਂ ਨੂੰ ਕਾਫੀ ਦਿੱਕਤ ਆ ਰਹੀ ਹੈ। ਇਸ ਲਈ ਵਿਦਿਆਰਥੀਆਂ ਨੂੰ ਯੂ.ਜੀ.ਸੀ. ਨੈਟ ਅਤੇ ਹੋਰ ਕਈ ਥਾਵਾਂ ਤੇ M.Sc. Mathematics ਦੇ ਨਾਲ ਇਸ ਕੋਰਸ ਦੀ ਬਰਾਬਰਤਾ ਦਾ ਦਰਜਾ ਚਾਹੀਦਾ ਹੈ।

2. ਵਿਦਿਆਰਥੀਆਂ ਦੇ ਹਿੱਤ ਨੂੰ ਦੇਖਦੇ ਹੋਏ ਮੁਖੀ, ਗਣਿਤ ਵਿਭਾਗ ਨੇ M.Sc. Applied Mathematics and Computing ਦਾ ਨਾਮ ਬਦਲ ਕੇ M.Sc. Mathematics (Applied Mathematics and Computing) ਕਰਨ ਦੀ ਸਿਫਾਰਸ਼ ਕੀਤੀ ਹੈ।

**ਮੱਦ ਨੰਬਰ:16** ਮੁਖੀ, ਫਿਜ਼ਿਕਸ ਵਿਭਾਗ ਵੱਲੋਂ ਕੀਤੀਆਂ ਸਿਫਾਰਸ਼ਾਂ ਕਿ ਐਮ.ਐਸ.ਸੀ. ਨੈਨੋਟੈਕਨਾਲੋਜੀ ਕੋਰਸ ਦਾ ਨਾਮ ਬਦਲ ਕੇ ਐਮ.ਐਸ.ਸੀ. ਫਿਜ਼ਿਕਸ (ਨੈਨੋ-ਸਾਇੰਸ ਐਂਡ ਟੈਕਨਾਲੋਜੀ) ਕਰਨ ਦੇ ਮਾਮਲੇ (ਅੰਤਿਕਾ- XXII) ਤੇ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

ਨੋਟ

1. ਮੁਖੀ, ਫਿਜ਼ਿਕਸ ਵਿਭਾਗ ਨੇ ਸਿਫਰਸ਼ਾਂ ਕੀਤੀਆਂ ਕਿ ਵਿਭਾਗ ਵਿਖੇ ਸਾਲ 2010-11 ਦੌਰਾਨ ਐਮ.ਐਸ.ਸੀ. ਨੈਨੋਟੈਕਨਾਲੋਜੀ ਨਾਮ ਦਾ ਕੋਰਸ ਸ਼ੁਰੂ ਕੀਤਾ ਗਿਆ ਸੀ। ਇਸ ਕੋਰਸ ਦਾ ਨਾਮ ਬਦਲ ਕੇ ਐਮ.ਐਸ.ਸੀ. ਫਿਜ਼ਿਕਸ (ਨੈਨੋ-ਸਾਇੰਸ ਐਂਡ ਟੈਕਨਾਲੋਜੀ) ਕਰ ਦਿੱਤਾ ਜਾਵੇ ਤਾਂ ਕਿ ਪਹਿਲੇ ਸਾਲ 2010-11 ਦੇ ਵਿਦਿਆਰਥੀਆਂ ਨੂੰ ਵੀ ਐਮ.ਐਸ.ਸੀ. ਫਿਜ਼ਿਕਸ (ਨੈਨੋ-ਸਾਇੰਸ ਐਂਡ ਟੈਕਨਾਲੋਜ਼ੀ) ਦੀ ਡਿਗਰੀ ਦਿੱਤੀ ਜਾ ਸਕੇ।

15-5-12

ਡਾਇਰੈਕਟਰ
ਯੋਜਨਾ ਤੇ ਨਿਰੀਖਣ

ਡੀ.ਨੰ. 2615
15/5/2012

ਡੀਨ ਅਕਾਦਮਿਕ ਮਾਮਲੇ

**ਵਾਈਸ-ਚਾਂਸਲਰ ਸਾਹਿਬ**

16-5-12